# ਦਫ਼ਤਰ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ।

01823-221301 (ਦਫ਼ਤਰ), 01823-226426 (ਫੈਕਸ), dc_nawanshahr@rediffmail.com, dc.nsr@punjab.gov.in

ਹੁਕਮ:-

ਕੋਰੋਨਾ ਵਾਈਰਸ (ਕੋਵਿਡ-19) ਦੀ ਬੀਮਾਰੀ ਵਿਸ਼ਵ ਭਰ ਵਿੱਚ ਫੈਲੀ ਹੋਈ ਹੈ। ਇਸ ਨੇ ਆਪਣੇ ਪੈਰ ਭਾਰਤ ਵਿੱਚ ਵੀ ਪਸਾਰੇ ਹੋਏ ਹਨ। ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰਬਰ 14/7/2020-4ਸਿਪ/677 ਮਿਤੀ 05-03-2020 ਰਾਹੀਂ ਕੋਰੋਨਾ ਵਾਇਰਸ (ਕੋਵਿਡ-19) ਨੂੰ ਮਹਾਂਮਾਰੀ ਘੋਸ਼ਿਤ ਕੀਤਾ ਗਿਆ ਹੈ। ਜਿਸ ਦੀ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੁੱਕੀ ਹੈ।

ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ ਵਲੋਂ ਪੱਤਰ ਨੰਬਰ ਆਈ.ਡੀ.ਐਸ. ਪੀ. 2021/ਸ਼ਪਸ਼/444 ਮਿਤੀ 06/02/2021 ਅਤੇ ਕੋਵਿਡ- 19 ਸਬੰਧੀ ਗਠਿਤ ਕੀਤੀ ਗਈ ਜ਼ਿਲ੍ਹਾ ਟੈਕਨੀਕਲ ਕਮੇਟੀ, ਸ਼ਹੀਦ ਭਗਤ ਸਿੰਘ ਨਗਰ ਪਾਸੋਂ ਪਿੰਠ ਅੰਕਣ ਨੰਬਰ 1604/ਰੀਡਰ/ਏ.ਡੀ.ਸੀ. (ਜ) ਮਿਤੀ 6[illegible]-02-2021 ਰਾਹੀਂ ਪ੍ਰਾਪਤ ਹੋਈ ਸਿਫਾਰਿਸ਼ ਰਿਪੋਰਟ ਨੂੰ ਮੁੱਖ ਰੱਖਦੇ ਹੋਏ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਲੋਂ ਜਾਰੀ ਨੋਟੀਫਿਕੇਸ਼ਨ ਨੰਬਰ 14/7/2020-4ਸਿਪ/677 ਮਿਤੀ 05-03-2020 ਤਹਿਤ ਮਿਲੇ ਅਧਿਕਾਰਾਂ ਅਤੇ ਵਧੀਕ ਡਾਇਰੈਕਟਰ ਸਿਹਤ ਸੇਵਾਵਾਂ, ਪੰਜਾਬ, ਚੰਡੀਗੜ੍ਹ ਜੀ ਦੇ ਪੱਤਰ ਨੰਬਰ ਕੋਵਿਡ-19/ਐਨ.ਐਚ.ਐਮ./1476-1483 ਮਿਤੀ 18-06-2020 ਤਹਿਤ ਜਾਰੀ ਹਦਾਇਤਾਂ ਦੇ ਮੱਦੇਨਜ਼ਰ ਪਿੰਡ ਸਲੋਹ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਨਾਲ ਨੱਥੀ ਨਕਸ਼ੇ ਵਿਚ ਦਰਸਾਏ ਗਏ ਏਰੀਏ ਨੂੰ **Micro Containment Zone** ਘੋਸ਼ਿਤ ਕੀਤਾ ਜਾਂਦਾ ਹੈ।

ਉਕਤ ਏਰੀਏ ਵਿੱਚ ਸਰਕਾਰ ਵੱਲੋਂ ਜਾਰੀ Containment Plan ਅਤੇ ਸਿਹਤ ਵਿਭਾਗ ਵਲੋਂ ਜਾਰੀ ਕੀਤੀ ਗਈ Advisory ਲਾਗੂ ਰਹੇਗੀ। ਉਕਤ ਦਰਸਾਏ ਅਨੁਸਾਰ ਏਰੀਏ ਵਿੱਚ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਅਤੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਲੋਂ ਜਾਰੀ ਨੋਟੀਫਿਕੇਸ਼ਨ ਨੰਬਰ 14/7/2020-4ਸਿਪ/677 ਮਿਤੀ 05-03-2020 ਦੇ ਪੈਰ੍ਹਾ ਨੰਬਰ 12 ਤਹਿਤ ਹੇਠ ਲਿਖੇ ਹੁਕਮ ਕੀਤੇ ਜਾਂਦੇ ਹਨ:-

1. ਉਕਤ ਏਰੀਆ ਪੂਰੀ ਤਰਾਂ ਸੀਲ ਰਹੇਗਾ।
2. ਉਕਤ ਏਰੀਏ ਵਿਚ ਲੋਕਾਂ ਦੀਆਂ ਗਤੀਵਿਧੀਆਂ ਪੂਰੀ ਤਰ੍ਹਾਂ ਬੰਦ ਰਹਿਣਗੀਆਂ।
3. ਉਕਤ ਏਰੀਏ ਵਿਚ ਸਕੂਲ, ਦਫਤਰ ਬੰਦ ਰਹਿਣਗੇ ਅਤੇ ਲੋਕਾਂ ਦਾ ਇਕੱਠ ਹੋਣ ਤੇ ਪੂਰਨ ਪਾਬੰਦੀ ਹੋਵੇਗੀ।
4. ਉਕਤ ਏਰੀਏ ਵਿਚ ਵਹੀਕਲ ਦੀ ਗਤੀਵਿਧੀ ਪੂਰੀ ਤਰ੍ਹਾਂ ਬੰਦ ਰਹੇਗੀ (ਸਿਰਫ ਸਰਕਾਰੀ ਵਹੀਕਲ ਤੇ ਮੈਡੀਕਲ ਵਹੀਕਲ ਦੀਆਂ ਗਤੀਵਿਧੀਆਂ ਜਾਰੀ ਰਹਿਣਗੀਆਂ।
5. ਉਕਤ ਏਰੀਏ ਵਿਚ ਕੋਵਿਡ- 19 ਸਬੰਧੀ ਸਿਹਤ ਵਿਭਾਗ ਵੱਲੋਂ ਘਰ ਤੋਂ ਘਰ Surveillance ਕਰਕੇ ਕੰਟੈਕਟ ਟਰੇਸਿੰਗ ਕੀਤੀ ਜਾਵੇਗੀ।
6. ਉਕਤ ਏਰੀਏ ਵਿਚ ਕੋਵਿਡ- 19 ਦੇ Suspected ਕੇਸਾਂ ਨੂੰ Home Quarantine ਕੀਤਾ ਜਾਵੇਗਾ।
7. ਉਕਤ ਏਰੀਏ ਵਿਚ ਜ਼ਰੂਰੀ ਵਸਤਾਂ ਦੀ ਸਪਲਾਈ ਅਤੇ ਮੈਡੀਕਲ ਸਹੂਲਤਾਂ ਆਦਿ ਜਾਰੀ ਰਹਿਣਗੀਆਂ।

ਇਸ ਦਫਤਰ ਦੇ ਪਿੱਠ ਅੰਕਣ ਨੰਬਰ 5819-33/ਐਮ.ਏ./ਕੋਵਿਡ- 19 ਮਿਤੀ 08-07-2020 ਰਾਹੀਂ ਕੋਵਿਡ ਦੇ ਸਬੰਧਾਂ ਵਿਚ Containment Zone ਅਤੇ Buffer Zone ਵਿੱਚ ਗਤੀਵਿਧੀਆਂ ਦੀਆਂ ਯੋਜਨਾਵਾਂ ਬਣਾਉਣ ਅਤੇ ਲਾਗੂ ਕਰਵਾਉਣ ਸਬੰਧੀ District Planning Committee ਦਾ ਗਠਣ ਕੀਤਾ ਹੋਇਆ ਹੈ। ਇਹ ਕਮੇਟੀ ਇਸ ਪੱਤਰ ਮਿਤੀ 08-07-2020 ਅਨੁਸਾਰ ਉਕਤ ਏਰੀਆ ਵਿਚ ਹੋਣ ਵਾਲੀਆਂ ਗਤੀਵਿਧੀਆਂ ਸਬੰਧੀ ਬਣਦੀ ਲੋੜੀਂਦੀ ਕਾਰਵਾਈ ਕਰੇਗੀ।

ਇਹ ਹੁਕਮ ਲਾਗੂ ਕਰਾਉਣ ਲਈ ਸੀਨੀਅਰ ਪੁਲਿਸ ਕਪਤਾਨ, ਸ਼ਹੀਦ ਭਗਤ ਸਿੰਘ ਨਗਰ, ਉਪ ਮੰਡਲ ਮੈਜਿਸਟਰੇਟ, ਨਵਾਂਸ਼ਹਿਰ ਅਤੇ ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ ਜ਼ਿੰਮੇਵਾਰ ਹੋਣਗੇ।

ਇਹ ਹੁਕਮ ਤੁਰੰਤ ਲਾਗੂ ਹੋਣਗੇ ਅਤੇ ਅਗਲੇ ਹੁਕਮਾਂ ਤੱਕ ਜਾਰੀ ਰਹਿਣਗੇ।

ਡਿਪਟੀ ਕਮਿਸ਼ਨਰ,
ਸ਼ਹੀਦ ਭਗਤ ਸਿੰਘ ਨਗਰ।

Scanned with CamScanner

ਪਿੰਠ ਅੰਕਣ ਨੰਬਰ 10661-74 /ਐਮ.ਏ./ਕੋਵਿਡ-19 ਮਿਤੀ 06-02-2021

ਇਸ ਦਾ ਇੱਕ ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ।
4. ਸਟੇਟ ਕੋਵਿਡ-19 ਕੰਟਰੋਲ ਰੂਮ, ਪੰਜਾਬ, ਚੰਡੀਗੜ੍ਹ।
5. ਵਿਸ਼ੇਸ਼ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
6. ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ।
7. ਡਾ. ਰਾਜੇਸ਼ ਭਾਸਕਰ, Epidemiologist, DHS.
8. ਕਮਿਸ਼ਨਰ, ਰੂਪਨਗਰ, ਮੰਡੀ ਰੂਪਨਗਰ।
9. ਸੀਨੀਅਰ ਪੁਲਿਸ ਕਪਤਾਨ, ਸ਼ਹੀਦ ਭਗਤ ਸਿੰਘ ਨਗਰ।
10. ਵਧੀਕ ਡਿਪਟੀ ਕਮਿਸ਼ਨਰ (ਜ), ਸ਼ਹੀਦ ਭਗਤ ਸਿੰਘ ਨਗਰ।
11. ਉਪ ਮੰਡਲ ਮੈਜਿਸਟਰੇਟ, ਨਵਾਂਸ਼ਹਿਰ।
12. ਨੋਡਲ ਅਫ਼ਸਰ/ਮੈਂਬਰ ਕਨਵੀਨਰ/ਮੈਂਬਰ ਜ਼ਿਲ੍ਹਾ ਪਲੈਲਿੰਗ ਕਮੇਟੀ (ਕੋਵਿਡ-19 ਸਬੰਧੀ), ਸ਼ਹੀਦ ਭਗਤ ਸਿੰਘ ਨਗਰ।
13. ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ ਨੂੰ ਉਹਨਾਂ ਦੇ ਦਫਤਰ ਦੇ ਪੱਤਰ ਨੰਬਰ ਆਈ.ਡੀ.ਐਸ.ਪੀ. 2021/ਸ਼ਪਸ਼/444 ਮਿਤੀ 06/02/2021 ਦੇ ਸਬੰਧ ਵਿਚ।
14. ਡੀ.ਆਈ.ਓ. ਐਨ.ਆਈ.ਸੀ., ਸ਼ਹੀਦ ਭਗਤ ਸਿੰਘ ਨਗਰ।

ਡਿਪਟੀ ਕਮਿਸ਼ਨਰ,
ਸ਼ਹੀਦ ਭਗਤ ਸਿੰਘ ਨਗਰ।

Scanned with CamScanner



Scanned with CamScanner

Scanned with CamScanner